8_Dec_Jal_Page_6_7-8.qxd 12/9/2024 1:39 AM Page 2

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

ਰੇਡੀਓ



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **9 ਦਸੰਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਅਤੇ **10 ਦਸੰਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਦਵਿੰਦਰ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 9 **ਦਸੰਬਰ** ਨੂੰ ਸ਼ਾਮ 4.30 ਤੋਂ 6.30 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਸਾਹਿਬ ਸਿੰਘ** ਤੇ **10 ਦਸੰਬਰ** ਨੂੰ ਸਵੇਰੇ 4.00 ਵਜੇ ਤੋਂ 7.45 ਵਜੇ ਤੱਕ **ਭਾਈ ਦਵਿੰਦਰ ਸਿੰਘ** ਅਤੇ **ਭਾਈ ਗੁਰਸੇਵਕ ਸਿੰਘ** ਕੀਰਤਨ ਕਰਨਗੇ।

ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ **ਸਵੇਰੇ 4.00 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 5.30 ਵਜੇ ਤੋਂ 7.30 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।**

ਮੁੱਖ ਵਾਕ ਦੀ ਕਥਾ : 9 ਦਸੰਬਰ ਨੂੰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ 10 ਦਸੰਬਰ ਨੂੰ ਗਿਆਨੀ ਗੁਰਲਾਲ ਸਿੰਘ ਮੀਰਾਂਕੋਟ, ਗੁ: ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਕੰਪਿਊਟਰ ਸ਼ਾਪ ਨੂੰ ਚੋਰਾਂ ਨੇ ਬਣਾਇਆ ਨਿਸ਼ਾਨਾ, ਲੈਪਟਾਪ ਮੋਬਾਈਲ ਤੇ ਕੀਮਤੀ ਸਾਮਾਨ ਚੋਰੀ ਕਰ ਹੋਏ ਫਰਾਰ

ਵਾਰਦਾਤ ਸੀ.ਸੀ.ਟੀ.ਵੀ. ਕੈਮਰੇ ਵਿੱਚ ਕੈਦ

ਮਕਸੂਦਾਂ, 8 ਦਸੰਬਰ (ਸੌਰਵ ਮਹਿਤਾ)- ਬੇਖੌਫ ਚੋਰ ਲੁਟੇਰਿਆਂ ਦਾ ਆਤੰਕ ਦਿਨੋ ਦਿਨ ਵੱਧਦਾ ਹੋਇਆ ਦਿਖਾਈ ਦੇ ਰਿਹਾ ਬੀਤੀ ਦੇਰ ਰਾਤ ਅਮਨ ਨਗਰ ਦੀ ਕਮਲ ਪਾਰਕ ਨੇੜੇ ਚੋਰਾਂ ਨੇ ਕੰਪਿਊਟਰ ਸ਼ਾਪ ਨੂੰ ਨਿਸ਼ਾਨਾ ਬਣਾਉਂਦਿਆਂ ਹੋਏ ਦੁਕਾਨ ਅੰਦਰੋਂ ਲੈਪਟਾਪ ਮੋਬਾਈਲ ਫੋਨ ਤੇ ਹੋਰ ਕੀਮਤੀ ਸਮਾਨ ਚੋਰੀ ਕਰ ਲਿਆ। ਚੋਰਾਂ ਨੇ ਹਾਈਸੋਫਟ ਕੰਪਿਊਟਰ ਸ਼ਾਪ ਦੇ ਤਾਲੇ ਤੋੜ ਦੁਕਾਨ ਅੰਦਰੋਂ 3 ਲੈਪਟਾਪ, 3 ਸੀਸੀਟੀਵੀ ਕੈਮਰੇ, 2 ਮੋਬਾਇਲ ਤੇ ਨਕਦੀ ਚੋਰੀ ਕਰ ਲਈ। ਚੋਰੀ ਦੀ ਸੂਚਨਾ ਦੁਕਾਨ ਮਾਲਿਕ ਵੱਲੋਂ ਦੇਰ ਰਾਤ ਪੁਲਿਸ ਨੂੰ ਦਿੱਤੀ ਗਈ ਤਾਂ ਮੌਕੇ ਤੇ ਥਾਣਾ ਡਿਵੀਜ਼ਨ ਨੰਬਰ 8 ਦੀ ਪੁਲਿਸ ਪਹੁੰਚੀ। ਜਾਣਕਾਰੀ ਦਿੰਦੇ ਹੋਏ ਥਾਣਾ ਡਿਵੀਜ਼ਨ ਨੰਬਰ 8 ਦੇ ਏਐਸਆਈ ਨਿਰਮਲ ਸਿੰਘ ਨੇ ਦੱਸਿਆ ਕਿ ਦੇਰ ਰਾਤ 3 ਵਜੇ ਦੇ ਕਰੀਬ ਹਾਈਸੋਫਟ ਕੰਪਿਊਟਰ ਸ਼ਾਪ ਦੇ ਮਾਲਕ ਨੇ ਇਤਲਾਹ ਦਿੱਤੀ ਕੀ ਅਮਨ ਨਗਰ ਦੀ ਕਮਲ ਪਾਰਕ ਨੇੜੇ ਉਹਨਾਂ ਦੀ ਕੰਪਿਊਟਰ ਸ਼ਾਪ ਹੈ ਜਿਸ ਨੂੰ ਚੋਰਾਂ ਨੇ ਨਿਸ਼ਾਨਾ ਬਣਾਇਆ ਤਾਂ ਇਤਲਾਹ ਮਿਲਦੇ ਹੀ ਏਐਸਆਈ ਨਿਰਮਲ ਸਿੰਘ ਸਾਥੀ ਕਰਮਚਾਰੀਆਂ ਸਮੇਤ ਮੌਕੇ ਤੇ ਪਹੁੰਚੇ। ਪੁਲਿਸ ਨੇ ਮੌਕੇ 'ਤੇ ਪਹੁੰਚ ਸੀਸੀਟੀਵੀ ਫੁਟੇ ਚੈੱਕ ਕੀਤੀ ਜਿਸ ਚ ਦਿਖਾਈ ਦਿੱਤਾ ਕਿ ਦੋ ਚੋਰ ਕੰਧ ਟੱਪ ਕੇ ਅੰਦਰ ਦਾਖਲ ਹੋਏ ਜਿਨਾਂ ਨੇ ਅੰਦਰ ਦਾਖਲ ਹੋ ਦੁਕਾਨ ਦੇ ਹਰ ਕੋਨੇ ਦੀ ਤਲਾਸ਼ੀ ਲਈ ।ਚੋਰ ਦੁਕਾਨ ਅੰਦਰੋਂ ਚੋਰ ਦੁਕਾਨ ਚੋਂ ਲੈਪਟਾਪ, ਮੋਬਾਇਲ, ਸੀਸੀਟੀਵੀ ਕੈਮਰੇ ਤੇ ਦੁਕਾਨ ਦੇ ਗਲੇ ਚੋਂ 10 ਹਜ਼ਾਰ ਦੀ ਨਕਦੀ ਚੋਰੀ ਕਰ ਫਰਾਰ ਹੋ ਗਏ। ਉੱਥੇ ਪੁਲਿਸ ਨੇ ਦੁਕਾਨ ਮਾਲਿਕ ਵੱਲੋਂ ਦਿੱਤੀ ਸ਼ਿਕਾਇਤ ਦੇ ਅਧਾਰ 'ਤੇ ਮੌਕੇ ਦੀ ਸੀਸੀਟੀਵੀ ਫੁਟੇਜ ਆਪਣੇ ਕਬਜ਼ੇ ਵਿਚ ਲੈ ਲਈ ਤੇ ਟੈਕਨੀਕਲ ਜਾਂਚ ਸ਼ੁਰੂ ਕਰ ਦਿੱਤੀ। ਏਐਸਆਈ ਨਿਰਮਲ ਸਿੰਘ ਦਾ ਕਹਿਣਾ ਹੈ ਕਿ ਮੌਕੇ 'ਤੇ ਫਿੰਗਰ ਪ੍ਰਿੰਟ ਐਕਸਪਰਟ ਟੀਮ ਨੂੰ ਵੀ ਬੁਲਾ ਲਿਆ ਗਿਆ ਤਾਂ ਕਿ ਇਨ੍ਹਾਂ ਦੋਸ਼ੀਆਂ ਦੀ ਪਹਿਚਾਨ ਕਰਵਾ ਇਨ੍ਹਾਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇ।



ਵਾਰਦਾਤ ਨੂੰ ਅੰਜਾਮ ਦੇਣ ਆਏ ਚੋਰ ਸੀ.ਸੀ.ਟੀ.ਵੀ. ਕੈਮਰੇ ਦੀ ਫੁਟੇਜ ਵਿਚ ਕੈਦ।

ਕੈਂਟ ਵਿਧਾਨ ਸਭਾ ਦੇ ਵਾਰਡ ਨੰਬਰ 32 ਤੋਂ ਜਲੰਧਰ ਭਾਜਪਾ ਦੇ ਵਪਾਰ ਸੈੱਲ ਦੇ ਕਨਵੀਨਰ ਭਰਤ ਕਾਕੜੀਆ ਕੌਂਸਲਰ ਉਮੀਦਵਾਰ ਦੀ ਚੋਣ ਲਈ ਜਨਰਲ ਸਕੱਤਰ ਅਸ਼ੋਕ ਸਰੀਨ ਕੋਲ ਅਰਜ਼ੀ ਦਾਖਲ ਕਰਦੇ ਹੋਏ ਤੇ ਨਾਲ ਹੋਰ। *ਤਸਵੀਰ: ਜੀ. ਪੀ. ਸਿੰਘ*

ਵਾਰਡ ਨੰਬਰ 85 ਤੋਂ ਭਾਜਪਾ ਕੌਂਸਲਰ ਉਮੀਦਵਾਰ ਦੀ ਟਿਕਟ ਲਈ ਭਾਜਪਾ ਪ੍ਰਧਾਨ ਸੁਸ਼ੀਲ ਸ਼ਰਮਾ ਕੋਲ ਅਰਜ਼ੀ ਦਾਖਲ ਕਰਨ ਮੌਕੇ ਦਵਿੰਦਰ ਪਾਲ ਕੌਰ। ਇਸ ਮੌਕੇ ਮੀਨੂੰ ਮਲਿਕ, ਜਪਨਾਮ ਸਿੰਘ, ਸੀਤਾ ਰਾਣਾ, ਅਨਿਲ ਅਰੋੜਾ, ਰੋਹਿਤ ਕੁਮਾਰ, ਬਲਵੰਤ ਸਿੰਘ, ਸਿਮਰ ਮਲਿਕ, ਅਸ਼ਵਨੀ ਸ਼ਰਮਾ, ਉਮ ਪ੍ਰਕਾਸ਼, ਨਾਥੂ ਰਾਮ ਮਲਹੋਤਰਾ ਤੇ ਹੋਰ ਹਾਜ਼ਰ ਸਨ। *ਤਸਵੀਰ: ਜੀ. ਪੀ. ਸਿੰਘ*

ਚੁਣੇ ਗਏ ਅਹੁਦੇਦਾਰਾਂ ਦੇ ਨਾਲ ਐਸੋਸੀਏਸ਼ਨ ਦੇ ਮੈਂਬਰ। *ਤਸਵੀਰ : ਮੁਨੀਸ਼*

ਅੰਦੋਲਨ ਦੌਰਾਨ ਹਰਿਆਣਾ ਪੁਲਿਸ ਵਲੋਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਛੱਡਣਾ ਨਿੰਦਣ ਯੋਗ- ਰਵਿੰਦਰ ਸਿੰਘ ਲਾਡੀ

ਜਲੰਧਰ, 8 ਦਸੰਬਰ (ਜਸਪਾਲ ਸਿੰਘ)- ਪੰਜਾਬ ਦੇ ਕਿਸਾਨਾਂ ਵਲੋਂ ਸ਼ੰਭੂ ਬਾਰਡਰ ਤੇ ਸ਼ਾਂਤਮਈ ਤਰੀਕੇ ਨਾਲ ਅੰਦੋਲਨ ਕਰਦੇ ਹੋਏ ਦਿੱਲੀ ਵੱਲ ਮਾਰਚ ਕਰਨ ਤੋਂ ਰੋਕਣ ਲਈ ਹਰਿਆਣਾ ਪੁਲਿਸ ਵਲੋਂ ਅੱਥਰੂ ਗੈਸ ਦੇ ਗੋਲੇ ਛੱਡਣ ਨੂੰ ਲੈਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਕੱਤਰ ਰਵਿੰਦੰਰ ਸਿੰਘ ਲਾਡੀ ਨੇ ਸਖਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਵੱਲ ਮਾਰਚ ਕਰਨ ਵਾਲੇ ਕਿਸਾਨਾ ਤੇ ਹਰਿਆਣਾ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਛੱਡੇ ਹਨ ਜਿਸ ਦੌਰਾਨ ਪੁਲਿਸ ਦੀ ਇਸ਼ ਕਾਰਵਾਈ ਕਾਰਣ ਖਈ ਕਿਸਾਨ ਵੀਰ ਜ਼ਖਮੀ ਹੋਏ ਹਨ। ਉਨ੍ਹਾਂ ਕਿਹਾ ਕਿ ਨਾਇਬ ਸਿੰਘ ਸੈਣੀ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਕਿਸਾਨ ਅੰਦੋਲਨ ਨੂੰ ਦਬਾਉਣ ਤੇ ਲੱਗੀ ਹੋਈ ਹੈ ਜੋ ਕਿ ਬਹੁਤ ਹੀ ਗੈਰ ਕੋਲਤਾਂਤਰੀ ਕਦਮ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੂੰ ਇਹ ਸਮਝਣਾ ਚਾਹੀਦੈ ਹਾ ਕਿ ਕਿਸਾਨ ਉਨ੍ਹਾਂ ਦੇ ਸੂਬੇ ਵਿਚ ਵਿਰੋਧ ਪ੍ਰਦਰਸ਼ਨ ਨਹੀਂ ਕਰ ਰਹੇ ਬਲਿਕ ਉਹ ਦਿੱਲੀ ਤਕ ਪਹੁੰਚਣਾ ਚੌਹੁੰਦੇ ਹਨ ਜਿਸਦਾ ਰਸਤਾ ਹਰਿਆਣਾਂ ਰਾਂਹੀ ਹੋਕੇ ਜਾਂਦਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਨਾਗਰਿਕ ਨੂੰ ਆਪਣੇ ਦੇਸ਼ ਵਿਚ ਰਾਜਧਾਨੀ ਵਿਚ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਹਰਿਆਣਾ ਦੀ ਭਾਜਪਾ ਸਰਕਾਰ ਨੇ ਜੋ ਕੀਤਾ ਉਹ ਬਹੁਤ ਹੀ ਨਿੰਦਣਯੋਗ ਹੈ।

ਏਪੀਜੇ ਸਕੂਲ ਮਾਡਲ ਟਾਊਨ 'ਚ ਸਾਲਾਨਾ ਸਮਾਗਮ

ਜਲੰਧਰ, 8 ਦਸੰਬਰ (ਪਵਨ ਖਰਬੰਦਾ)-ਏਪੀਜੇ ਸਕੂਲ ਮਾਡਲ ਟਾਊਨ ਜਲੰਧਰ ਵਿਖੇ ਏਪੀਜੇ ਐਜੂਕੇਸ਼ਨ ਸੁਸਾਇਟੀ ਦੀ ਪ੍ਰੈਜ਼ੀਡੈਂਟ ਸ੍ਰੀਮਤੀ ਸੁਸ਼ਮਾ ਪਾਲ ਬਰਲੀਆ ਦੇ ਮਾਰਗਦਰਸ਼ਨ ਅਤੇ ਪ੍ਰੇਰਨਾ ਨਾਲ ਸਾਲਾਨਾ ਪ੍ਰੋਗਰਾਮ ਕਰਵਾਇਆ ਗਿਆ। ਪ੍ਰਬੰਧਕਾਂ ਨੇ ਦੱਸਿਆ ਕਿ ਏਪੀਜੇ ਰਿਦਮ ਕਿੰਡਰ ਵਰਲਡ ਮਾਡਲ ਟਾਊਨ ਦਾ ਇਹ ਸਮਾਗਮ 'ਰੇਟਰੋ ਮਾਡਰਨ ਥੀਮ' 'ਤੇ ਕੇਂਦਰਿਤ ਸੀ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ੍ਰੀਮਤੀ ਨਰਿੰਦਰ ਕੌਰ (ਸਹਾਇਕ ਆਯੁਕਤ ਰਾਜ ਕਰ ਪੰਜਾਬ) ਸ਼ਾਮਿਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਦੀਪ ਜਲਾ ਕੇ ਅਤੇ ਸ਼ਿਵ ਸਤੋਤਰ ਨਾਲ ਹੋਈ, ਉਪਰੰਤ ਸਕੂਲ ਦੀ ਕਾਰਜਕਾਰੀ ਪ੍ਰਿੰਸੀਪਲ ਸ੍ਰੀਮਤੀ ਪ੍ਰਿਅੰਕਾ ਗਰੋਵਰ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਿੱਖਿਅਕ ਸਾਲ 2024-25 ਦੀਆਂ ਪ੍ਰਾਪਤੀਆਂ 'ਤੇ ਰੌਸ਼ਨੀ ਪਾਉਂਦੇ ਹੋਏ ਸਾਲਾਨਾ ਰਿਪੋਰਟ ਪੜ੍ਹੀ। ਇਸ ਮੌਕੇ 'ਤੇ ਏਪੀਜੇ ਰਿਦਮ ਕਿੰਡਰਵਰਲਡ ਦੀ ਇੰਚਾਰਜ ਸ੍ਰੀਮਤੀ ਨਿਧੀ ਘਈ ਅਤੇ ਪ੍ਰਾਇਮਰੀ ਦੀ ਮੁੱਖ ਅਧਿਆਪਕਾ ਸ੍ਰੀਮਤੀ ਨਮਰਤਾ ਸ਼ਰਮਾ ਵੀ ਮੌਜੂਦ ਸਨ। ਪ੍ਰੋਗਰਾਮ ਦੌਰਾਨ ਰੇਟਰੋ ਅਤੇ ਆਧੁਨਿਕ ਦੁਨੀਆ ਵਿੱਚ ਨੈਵੀਗੇਟ ਕਰਨ ਵਾਲੇ ਇੱਕ ਬਹੁ-ਪੀੜੀ ਪਰਿਵਾਰ ਦੀ ਯਾਤਰਾ ਨੂੰ ਦਰਸਾਇਆ ਗਿਆ। ਸਕੂਲ ਦੇ ਨੰਨ੍ਹੇ ਮੁੰਨੇ ਗਾਇਕਾਂ ਨੇ ਹਿੰਦੀ ਅਤੇ ਅੰਗਰੇਜ਼ੀ ਵਿੱਚ ਪੇਸ਼ਕਾਰੀਆਂ ਦਿੱਤੀਆਂ। ਨਰਸਰੀ ਰਾਈਮਜ਼ ਅਤੇ ਸਮਕਾਲੀ ਸੁਰਾਂ ਦੇ ਇੱਕ ਰਮਣੀਕ ਮਿਸ਼ਰਨ ਨੇ ਪਰੰਪਰਾਵਾਂ ਦੇ ਵਿਕਾਸ ਨੂੰ ਦਰਸਾਇਆ। ਪ੍ਰੋਗਰਾਮ ਦੇ ਅੰਤ ਵਿਚ ਨੰਨ੍ਹੇ-ਮੁੰਨੇ ਵਿਦਿਆਰਥੀਆਂ ਵਲੋਂ ਪੇਸ਼ ਕੀਤੇ ਭੰਗੜੇ ਨੇ ਵਾਹ ਵਾਹੀ ਖੱਟੀ। ਮੁੱਖ ਮਹਿਮਾਨ, ਕਾਰਜਕਾਰੀ ਪ੍ਰਿੰਸੀਪਲ ਅਤੇ ਮਾਣਯੋਗ ਮਹਿਮਾਨਾਂ ਨੇ ਸਿੱਖਿਆ, ਖੇਡ ਅਤੇ ਹੋਰ ਕਾਰਗੁਜ਼ਾਰੀਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ। ਮੁੱਖ ਮਹਿਮਾਨ ਨਰਿੰਦਰ ਕੌਰ ਨੇ ਸਕੂਲ ਦੀ ਸਫਲਤਾ ਦੀ ਸ਼ਲਾਘਾ ਕੀਤੀ।

ਸਮਾਗਮ ਦੌਰਾਨ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਵਿਦਿਆਰਥੀ। *ਤਸਵੀਰ-ਮੁਨੀਸ਼*

ਨਿਗਮ ਵਲੋਂ ਸ਼ਹਿਰ 'ਚ ਕਈ ਕੰਧਾਂ ਤੇ ਪੁਲਾਂ ਦੇ ਪਿੱਲਰਾਂ 'ਤੇ ਆਕਰਸ਼ਕ ਪੇਂਟਿੰਗਾਂ ਬਣਾਉਣ ਦਾ ਕੰਮ ਕੀਤਾ ਜਾ ਰਿਹਾ ਹੈ, ਜਿਸ ਦੀ ਲੋਕ ਕਾਫੀ ਸ਼ਲਾਘਾ ਕਰ ਰਹੇ ਹਨ। ਦਸੋਰੀਆ ਪੁਲ ਦੇ ਪਿੱਲਰ 'ਤੇ ਕੀਤੀ ਗਈ ਇਕ ਆਕਰਸ਼ਕ ਪੇਂਟਿੰਗ ਜਿਹੜੀ ਕਿ ਲੋਕਾਂ ਨੂੰ ਕਾਫੀ ਆਕਰਸ਼ਤ ਕਰ ਰਹੀ ਹੈ। *ਤਸਵੀਰ: ਮੁਨੀਸ਼*

ਪੁਲਿਸ ਵੈੱਲਫੇਅਰ ਐਸੋਸੀਏਸ਼ਨ ਦਾ ਹੋਇਆ ਗਠਨ, ਗੁਰਨਾਮ ਸਿੰਘ ਬਣੇ ਕਾਰਜਕਾਰੀ ਪ੍ਰਧਾਨ

ਜਲੰਧਰ, 8 ਦਸੰਬਰ (ਐੱਮ. ਐੱਸ. ਲੋਹੀਆ) - ਸੇਵਾਮੁਕਤ ਹੋਏ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀ ਭਲਾਈ ਲਈ ਅਤੇ ਉਨ੍ਹਾਂ ਨੂੰ ਭਵਿੱਖ 'ਚ ਆਉਣ ਵਾਲੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਜਲੰਧਰ ਜ਼ਿਲ੍ਹਾ ਦਿਹਾਤੀ ਦੇ ਪੈਨਸ਼ਨਰਾਂ ਨੇ ਪੁਲਿਸ ਵੈਲਫੇਅਰ ਐਸੋਸੀਏਸਨ ਦਾ ਗਠਨ ਕੀਤਾ ਹੈ। ਇਸ ਸਬੰਧੀ ਸਥਾਨਕ ਹੋਟਲ 'ਚ ਹੋਈ ਇਕ ਮਟਿੰਗ ਦੌਰਾਨ ਹਾਜ਼ਰ ਸੇਵਾਮੁਕਤ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੇ ਸਰਬਸੰਮਤੀ ਨਾਲ ਸੇਵਾਮੁਕਤ ਡੀ.ਐਸ.ਪੀ. ਗੁਰਨਾਮ ਸਿੰਘ ਨੂੰ ਕਾਰਜਕਾਰੀ ਪ੍ਰਧਾਨ, ਸੇਵਾਮੁਕਤ ਡੀ.ਐਸ.ਪੀ. ਅਸ਼ਵਨੀ ਕੁਮਾਰ ਅਤੇ ਹਰਜਿੰਦਰ ਸਿੰਘ ਨੂੰ ਮੀਤ ਪ੍ਰਧਾਨ, ਬਲਰਾਜ ਸਿੰਘ ਖ਼ਜਾਨਚੀ ਅਤੇ ਰਾਜ ਕੁਮਾਰ ਨੂੰ ਸੈਕਟਰੀ ਚੁਣਿਆ ਹੈ। ਚੁਣੇ ਗਏ ਅਹੁਦੇਦਾਰ ਐਸੋਸੀਏਸ਼ਨ ਦੀ ਕਾਰਗੁਜ਼ਾਰੀ ਨੂੰ ਚਲਾਉਣਗੇ ਅਤੇ ਜਥੇਬੰਦੀ ਦੇ ਮੈਂਬਰਾਂ ਨਾਲ ਸਲਾਹ ਕਰਕੇ, ਪੈਨਸ਼ਨਰਾਂ ਲਈ ਭਲਾਈ ਸਕੀਮਾਂ ਲਾਗੂ ਕਰਵਾਉਣਗੇ।

ਨੈਸ਼ਨਲ ਸਕੂਲ ਖੇਡਾਂ ਲਈ ਬੈਡਮਿੰਟਨ ਅੰਡਰ-14 ਸਾਲ ਟੀਮ ਦਾ ਐਲਾਨ

ਜਲੰਧਰ, 8 ਦਸੰਬਰ (ਡਾ. ਜਤਿੰਦਰ ਸਾਬੀ)- ਅੰਡਰ-14 ਲੜਕੇ/ਲੜਕੀਆਂ ਦਾ ਕੈਂਪ ਸਫ਼ਲਤਾਪੂਰਵਕ ਸਮਾਪਤ ਹੋਇਆ। ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਨੇ 68ਵੀਆਂ ਨੈਸ਼ਨਲ ਸਕੂਲ ਖੇਡਾਂ ਬੈਡਮਿੰਟਨ ਲਈ ਚੁਣੇ ਗਏ ਖਿਡਾਰੀਆਂ ਨਾਲ ਗੱਲਬਾਤ ਕਰਦਿਆਂ ਖੇਡ ਦੀਆਂ ਬਰੀਕੀਆਂ ਸਾਂਝੀਆਂ ਕੀਤੀਆਂ । ਉਨ੍ਹਾਂ ਦੱਸਿਆ ਕਿ ਇਸ ਸਾਲ ਨੈਸ਼ਨਲ ਸਕੂਲ ਖੇਡਾਂ ਬੈਡਮਿੰਟਨ ਅੰਡਰ-14 (ਲੜਕੇ/ਲੜਕੀਆਂ) ਮਿਤੀ 9 ਦਸੰਬਰ ਤੋਂ 15 ਦਸੰਬਰ ਤੱਕ ਦਿੱਲੀ ਵਿਖੇ ਹੋਣਗੀਆਂ। ਲੜਕਿਆਂ ਦੀ ਟੀਮ 'ਚ ਜਲੰਧਰ ਦੇ ਜ਼ੋਰਾਵਰ ਸਿੰਘ, ਆਰਵ ਡੋਗਰਾ, ਗੁਰਦਾਸਪੁਰ ਦੇ ਦਿਵਾਂਸ਼ੂ, ਅੰਮ੍ਰਿਤਸਰ ਦੇ ਵਿਰਾਟ ਖੰਨਾ ਅਤੇ ਲੁਧਿਆਣਾ ਦੇ ਸਾਤਵਿਕ ਭਾਟੀਆ ਸ਼ਾਮਿਲ ਹਨ। ਇਸੇ ਤਰ੍ਹਾਂ ਲੜਕੀਆਂ ਦੀ ਟੀਮ 'ਚ ਲੁਧਿਆਣਾ ਦੀ ਅਮੇਲੀਆ ਭੱਕੂ, ਅੰਮ੍ਰਿਤਸਰ ਦੀ ਅਰਾਧਿਆ ਸਿੰਘ, ਸੋਨਾਕਸ਼ੀ, ਜਲੰਧਰ ਦੀ ਸਾਨਵੀ ਰਲਹਨ ਅਤੇ ਸ਼ਿਵਾਲੀ ਸ਼ਰਮਾ ਸ਼ਾਮਿਲ ਹਨ।

ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ। *ਤਸਵੀਰ-ਮੁਨੀਸ਼*

ਸ਼ਿਵ ਜੋਤੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਜਨਮ ਦਿਨ ਮੌਕੇ ਬੂਟੇ ਲਾਉਣ ਤੇ ਕਿਤਾਬਾਂ ਵੰਡਣ ਦੀ ਕੀਤੀ ਸ਼ੁਰੂਆਤ

ਜਲੰਧਰ, 8 ਦਸੰਬਰ (ਪਵਨ ਖਰਬੰਦਾ)-ਸ਼ਿਵ ਜੋਤੀ ਪਬਲਿਕ ਸਕੂਲ 'ਚ ਵਿਦਿਆਰਥੀਆਂ ਦੇ ਜਨਮ ਦਿਨ ਮੌਕੇ ਵਿਦਿਆਰਥੀਆਂ ਵਲੋਂ ਕਿਤਾਬਾਂ ਅਤੇ ਬੂਟੇ ਭੇਟ ਕਰਨ ਦੀ ਪ੍ਰਥਾ ਦੀ ਪ੍ਰਬੰਧਕਾਂ ਵਲੋਂ ਸ਼ਲਾਘਾ ਕਰਦੇ ਹੋਏ ਵਿਦਿਆਥੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਇਸ ਮੌਕੇ ਚਾਕਲੇਟ ਤੇ ਮਠਿਆਈਆਂ ਵੰਡਣ ਦੀ ਥਾਂ ਆਪਣੇ ਜਨਮ ਦਿਨ 'ਤੇ ਬੂਟੇ ਲਾਉਣ ਤਾਂ ਜੋ ਵਾਤਾਰਵਨ ਸਾਫ਼ ਹੋ ਸਕੇ। ਇਸ ਦੌਰਾਨ (ਮੈਨੇਜਿੰਗ ਕਮੇਟੀ ਦੇ ਮੈਂਬਰ, ਟਰੱਸਟੀ) ਨੇ ਇਨ੍ਹਾਂ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ